# 59

# ਦੂਜੀ ਆਮਦ
## (24:36-51)

ਆਪਣੇ ਚੇਲਿਆਂ ਨੂੰ ਯਰੂਸ਼ਲਮ ਦੀ ਬਰਬਾਦੀ ਦੀ ਜਾਣਕਾਰੀ ਦੇਣ ਬਾਅਦ ਯਿਸੂ ਨੇ ਉਨ੍ਹਾਂ ਨੂੰ ਆਪਣੀ ਦੂਜੀ ਆਮਦ ਦੇ ਬਾਰੇ ਦੱਸਿਆ।

### "ਉਸ ਘੜੀ ਨੂੰ ਕੋਈ ਨਹੀਂ ਜਾਣਦਾ" (24:36-41)

**36ਪਰ ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ ਨਾ ਪੁੱਤਰ ਪਰ ਕੇਵਲ
ਪਿਤਾ। 37ਪਰ ਜਿਸ ਤਰ੍ਹਾਂ ਨੂਹ ਦੇ ਦਿਨ ਸਨ ਮਨੁੱਖ ਦੇ ਪੁੱਤਰ ਦਾ ਆਉਣਾਂ ਉਸੇ ਤਰਾਂ ਹੋਵੇਗਾ 38ਕਿਉਂ
ਜੋ ਜਿਸ ਤਰ੍ਹਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ
ਉਸ ਦਿਨ ਤੀਕਰ ਕਿ ਨੂਹ ਕਿਸ਼ਤੀ ਉੱਤੇ ਚੜ੍ਹਿਆ। 39ਅਤੇ ਉਹ ਨਹੀਂ ਜਾਣਦੇ ਸਨ ਜਦ ਤਾਈਂ ਪਰਲੋ
ਨਾ ਆਈ ਅਤੇ ਸਭਨਾਂ ਨੂੰ ਰੁੜ੍ਹਾ ਕੇ ਲੈ ਨਾ ਗਈ ਇਸੇ ਤਰ੍ਹਾਂ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ।
40ਤਦ ਦੋ ਜਣੇ ਖੇਤ ਵਿਚ ਹੋਣਗੇ, ਇਕ ਲੈ ਲਿਆ ਜਾਵੇਗਾ ਅਤੇ ਇਕ ਛੱਡਿਆ ਜਾਵੇਗਾ। 41ਦੋ
ਤੀਵੀਆਂ ਚੱਕੀ ਪੀਂਹਦੀਆਂ ਹੋਣਗੀਆਂ, ਇਕ ਲੈ ਲਈ ਜਾਵੇਗੀ ਅਤੇ ਇਕ ਛੱਡੀ ਜਾਵੇਗੀ।**

**ਆਇਤ 36.** ਯਰੂਸ਼ਲਮ ਦੀ ਬਰਬਾਦੀ ਦੇ ਵਿਸ਼ੇ ਨੂੰ ਛੱਡਦੇ ਹੋਏ ਯਿਸੂ ਨੇ ਆਪਣਾ ਧਿਆਨ ਸਿਰਫ਼ ਦੂਜੀ ਆਮਦ ਵਾਲੀ ਗੱਲ ਤੇ ਲਾਇਆ। ਉਸ ਨੇ ਆਖਿਆ, "**ਪਰ ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ ਨਾ ਪੁੱਤਰ ਪਰ ਕੇਵਲ ਪਿਤਾ।**" ਯਿਸੂ ਨੇ ਸਾਫ਼ ਕਿਹਾ ਕਿ ਕਿਸੇ ਇਨਸਾਨ ਨੂੰ ਪਤਾ ਨਹੀਂ ਹੈ ਕਿ ਉਹ ਦੋਬਾਰਾ ਕਦੋ ਆਵੇਗਾ ਜਾਂ ਸਮੇਂ ਦਾ ਅੰਤ ਕਦੋਂ ਹੋਵੇਗਾ। ਉਨ੍ਹਾਂ ਤਰੀਕਾਂ ਦਾ ਹਿਸਾਬ ਲਾਉਣ ਜਾਂ ਇਹ ਨਬੂਵਤ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿ ਸਮੇਂ ਦਾ ਅੰਤ ਆਉਣ ਵਾਲਾ ਹੈ, ਬੇਕਾਰ ਵਿਚ ਮਿਹਨਤ ਕਰ ਰਹੇ ਹਨ।

ਭਾਵੇਂ ਯਿਸੂ ਖ਼ੁਦਾ ਸੀ ਅਤੇ ਜਾਣੀਜਾਣ ਸੀ ਪਰ ਉਸ ਨੇ ਅੰਤ ਦੇ ਸਮੇਂ ਨੂੰ ਜਾਣਨ ਤੋਂ ਆਪਣੇ ਆਪ ਨੂੰ ਰੋਕੀ ਰੱਖਿਆ। ਇਹ ਤੱਥ ਕਿ ਪੁੱਤਰ ਨੂੰ ਵੀ ਖੁੱਦ ਆਪਣੇ ਆਉਣ ਦਾ ਪਤਾ ਨਹੀਂ ਸੀ, ਕਈਆਂ ਲਈ ਹੈਰਨ ਕਰਨ ਵਾਲਾ ਹੋ ਸਕਦਾ ਹੈ।[1] ਜਦ ਉਹ "ਸ਼ਬਦ ਦੇਹਧਾਰੀ ਹੋਇਆ" (ਯੂਹੰਨਾ 1:14), ਤਾਂ ਉਹ ਖ਼ੁਦਾ ਬਣਿਆ ਰਿਹਾ ਪਰ ਉਸ ਨੇ ਆਪਣੇ ਆਪ ਜਾਣੀਜਾਣ ਹੋਣ ਨੂੰ ਨਾ ਵਰਤਣਾ ਚੁਣਿਆ (ਵੇਖੋ ਫ਼ਿਲਿੱਪੀਆਂ 2:6, 7)। ਵੱਡਾ ਹੁੰਦਿਆਂ ਯਿਸੂ ਨਾ ਸਿਰਫ਼ ਜਿਸਮਾਨੀ ਬਲਕਿ ਦਿਮਾਗੀ ਤੌਰ ਤੇ ਵੀ ਵਧਿਆ (ਲੂਕਾ 2:52)। ਆਪਣੀ ਸੇਵਕਾਈ ਦੇ ਸ਼ੁਰੂ ਵਿਚ ਪਵਿੱਤਰ ਆਤਮਾ ਵੱਲੋਂ ਮਸਹ ਕੀਤੇ ਜਾਣ ਦੇ ਬਾਅਦ (3:16; ਲੂਕਾ 4:18; ਰਸੂਲਾਂ ਦੇ ਕੰਮ 10:38) ਉਸ ਨੇ ਕਈ ਮੌਕਿਆਂ ਤੇ ਮੋਅਜਜ਼ੇ ਦੇ ਗਿਆਨ ਦੀ ਵਰਤੋਂ ਕੀਤੀ। ਪਰ ਅਜਿਹਾ ਉਸ ਨੇ ਹਰ ਵਾਰੀ ਨਹੀਂ ਕੀਤਾ। ਰੌਬਰਟ ਐਚ. ਗੁੰਡਰੀ ਨੇ ਇਸ ਰੂਪ ਵਿਚ ਵੇਖਿਆ ਹੈ:

> ਜਿਵੇਂ ਯਿਸੂ ਨੇ ਰਾਜ ਨੂੰ ਵਧਾਉਣ ਨੂੰ ਛੱਡ ਕੇ ਆਪਣੇ ਸਰਬ ਸ਼ਕਤੀਮਾਨ ਹੋਣ ਦੀ ਵਰਤੋਂ

(ਉਸ ਦੇ ਪੱਥਰਾਂ ਨੂੰ ਰੋਟੀਆਂ ਬਨਾਉਣ ਤੋਂ ਇਨਕਾਰ ਕਰਨ ਨੂੰ ਵੇਖੋ), ਉਵੇਂ ਹੀ ਉਸ ਨੇ ਰਾਜ ਨੂੰ ਵਧਾਉਣ ਨੂੰ ਛੱਡ ਆਪਣੇ ਜਾਣੀਜਾਣ ਹੋਣ ਦੀ ਵਰਤੋਂ ਨਹੀਂ ਕੀਤੀ। ਉਸ ਦੇ ਆਉਣ ਦੇ ਸਹੀ ਸਹੀ ਸਮੇ ਦਾ ਪਤਾ ਹੋਣਾ ਅਤੇ ਉਸ ਨੂੰ ਦੱਸਣਾ ਵਿਚ ਦੇ ਸਮੇਂ ਦੇ ਦੌਰਾਨ ਲਾਪਰਵਾਹੀ ਨੂੰ ਵਧਾਵਾ ਦੇ ਕੇ ਰਾਜ ਦੇ ਕੰਮ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋਣਾ ਹੈ।[2]

**ਆਇਤਾਂ 37-39.** ਫਿਰ ਯਿਸੂ **ਮਨੁੱਖ ਦੇ ਪੁੱਤਰ ਦਾ ਆਉਣਾ** ਨੂਹ ਦੇ ਦਿਨ ਅਚਾਕ ਆਉਣ ਵਾਲੀ ਪਰਲੋ ਨਾਲ ਮਿਲਾਉਂਦੇ ਹੋਏ ਇਕ ਉਦਾਹਰਣ ਦਿੱਤੀ। ਉਸ ਨੇ **ਪਰਲੋ ਤੋਂ ਅੱਗੇ ਦੇ ਬਿਨਾਂ** ਤੋਂ ਪਹਿਲਾਂ ਤਕ ਦੀਆਂ ਕੁਝ ਗਤੀਵਿਧੀਆਂ ਦਾ ਜ਼ਿਕਰ ਇਹ ਵਿਖਾਉਣ ਲਈ ਕੀਤਾ ਕਿ ਰੋਜ਼ਮੱਰਾ ਦੀ ਜ਼ਿੰਦਗੀ ਬਿਨਾਂ ਰੋਕ ਟੋਕ ਦੇ ਚੱਲ ਰਹੀ ਸੀ। **ਖਾਂਦੇ ਪੀਂਦੇ** (ਕੂਚ 32:6; ਮੱਤੀ 24:49) ਭਾਵੇਂ ਅਤਿ ਹੋਣ ਦਾ ਸੰਕੇਤ ਦੇ ਸਕਦਾ ਹੈ ਪਰ ਇੱਥੇ ਇਹ ਵਾਕਅੰਸ਼ ਰੋਜ਼ ਦੀ ਰੋਟੀ ਖਾਣ ਦੇ ਸਬੰਧ ਵਿਚ ਹੈ। **ਵਿਆਹ ਕਰਦੇ ਅਤੇ ਕਰਾਉਂਦੇ ਸਨ** ਲੋਕਾਂ ਦੀ ਆਮ ਜ਼ਿੰਦਗੀ ਵੱਲ ਇਸ਼ਾਰਾ ਕਰਦਾ ਹੈ (22:30 ਤੇ ਟਿੱਪਣੀਆਂ ਵੇਖੋ)। ਨੂਹ ਨੇ ਪਾਪੀ ਲੋਕਾਂ ਵਿਚ ਪ੍ਰਚਾਰ ਕੀਤਾ ਸੀ ਅਤੇ ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਹ **ਕਿਸ਼ਤੀ** ਬਣਾਉਂਦਾ ਹੁੰਦਾ ਸੀ (ਉਤਪਤ 6:5–7; ਇਬਰਾਨੀਆਂ 11:7; 1 ਪਤਰਸ 3:20; 2 ਪਤਰਸ 2:5), ਪਰ ਉਨ੍ਹਾਂ ਨੂੰ ਇਹ ਜ਼ਰਾ ਵੀ ਅੰਦਾਜ਼ਾ ਨਹੀਂ ਸੀ ਕਿ ਪਰਲੋ ਕਦੋਂ ਆਉਣ ਵਾਲੀ ਹੈ। ਜ਼ਿੰਦਾ ਰਹਿਣ ਲਈ ਉਨ੍ਹਾਂ ਨੂੰ ਆਪਣੇ ਆਪ ਨੂੰ ਤਿਆਰ ਕਰਨਾ ਚਾਹੀਦਾ ਸੀ। ਇਸ ਦੇ ਉਲਟ ਉਹ ਆਪਣੀ ਜੀਵਨ ਸ਼ੈਲੀ ਵਿਚ ਉਵੇਂ ਹੀ ਲੱਗੇ ਰਹੇ ਅਤੇ ਨੂਹ ਦੀਆਂ ਚਿਤਾਵਨੀਆਂ ਨੂੰ ਅਣਗੋਲਿਆ ਕਰਦੇ ਰਹੇ **ਉਸ ਦਿਨ ਤੀਕਰ** ਜਦ ਤਕ ਉਹ ਕਿਸ਼ਤੀ ਉੱਤੇ ਨਾ **ਚੜ੍ਹਿਆ।** ਜਦ ਬਾਰਿਸ਼ ਆਈ ਅਤੇ **ਪਰਲੋ** ਦਾ ਪਾਣੀ ਉੱਪਰ ਉੱਠਣ ਲੱਗਾ ਤਾਂ ਯਕੀਨਨ ਉਨ੍ਹਾਂ ਨੂੰ ਉਸ ਫੈਸਲੇ ਉੱਤੇ ਪਛਤਾਵਾ ਹੋਇਆ।

**ਆਇਤਾਂ 40, 41.** ਜਦ ਯਿਸੂ ਦੋਬਾਰਾ ਆਵੇਗਾ ਤਾਂ ਜ਼ਿੰਦਗੀ ਉਵੇਂ ਹੀ ਆਮ ਵਾਂਗ ਚੱਲ ਰਹੀ ਹੋਵੇਗੀ, ਜਿਵੇਂ ਨੂਹ ਦੇ ਦਿਨਾਂ ਵਿਚ ਸੀ, ਜਿਸ ਵਿਚ ਮਰਦ ਅਤੇ ਔਰਤਾਂ ਆਪਣੇ ਰੋਜ਼ਮੱਰਾ ਦੇ ਕੰਮ ਵਿਚ ਲੱਗੇ ਹੋਏ ਸਨ। ਫ਼ਲਸਤੀਨ ਦੀ ਰੋਜ਼ਮੱਰਾ ਦੀ ਜ਼ਿੰਦਗੀ ਤੋਂ ਲੈਂਦੇ ਹੋਏ ਯਿਸੂ ਨੇ ਆਦਮੀਆਂ ਦੇ **ਖੇਤ ਵਿਚ** ਕੰਮ ਕਰਨ ਅਤੇ ਔਰਤਾਂ ਦੇ **ਚੱਕੀ ਪੀਂਹਦੀਆਂ** ਹੋਣ ਦੀ ਗੱਲ ਕੀਤੀ। **ਦੋ ਜਣੇ** ਅਤੇ **ਦੋ ਤੀਵੀਆਂ** ਦੇ ਸਬੰਧ ਵਿਚ ਯਿਸੂ ਨੇ ਆਖਿਆ ਕਿ ਇਕ ਨੂੰ ਲੈ ਲਿਆ ਜਾਵੇਗਾ ''ਲੈ ਲਿਆ'' (*paralmbano*) ਕਿਰਿਆ ਸ਼ਬਦ ਨੂੰ ਸੰਭਵ ਤੌਰ ਤੇ ਮੁਕਤੀ ਦੇ ਸਕਾਰਾਤਮਕ ਅਰਥ ਵਿਚ ਸਮਝਿਆ ਜਾਵੇ। ਆਇਤ 39 ਵਿਚ ਇਕ ਫ਼ਰਕ ਸ਼ਬਦ *airo* ਮਿਲਦਾ ਹੈ ਜਿੱਥੇ ਜਿੱਥੇ ਬੁਰੀ ਪੀੜ੍ਹੀ ਨੂੰ ਲੈ ਲਿਆ ਗਿਆ ਹੈ। ਨੂਹ ਅਤੇ ਉਸ ਬੁਰੀ ਪੀੜ੍ਹੀ ਦੇ ਮਾਮਲੇ ਵਾਂਗ ਹੀ ਦੋ ਤਰ੍ਹਾਂ ਦੇ ਲੋਕ ਹਨ ਜਿਨ੍ਹਾਂ ਵਿੱਚੋਂ ਇਕ ਤਾਂ ਉਹ ਹਨ ਜਿਹੜੇ ਤਿਆਰ (ਬਚਾਏ ਹੋਏ) ਹਨ ਅਤੇ ਦੂਜੇ ਉਹ ਹਨ ਜਿਹੜੇ ਬਿਨਾਂ ਤਿਆਰੀ ਦੇ (ਗੁਆਚੇ ਹੋਏ) ਹਨ। ਯਿਸੂ ਦਾ ਆਉਣਾ ਇਕ ਦੂਰੀ ਅਤੇ ਪੱਕੀ ਵੰਡ ਨੂੰ ਵਿਖਾਉਂਦਾ ਹੈ।[3]

ਪ੍ਰੀਮਿਲੇਨੀਅਲਿਸਟ ਭਾਵ ਹਜ਼ਾਰ ਸਾਲਾ ਰਾਜ ਦਾ ਵਿਚਾਰ ''ਰੈਪਚਰ'' ਦੇ ਵਿਚਾਰ ਤੋਂ, ਖ਼ਾਸਕਰ 1 ਥੱਸਲੁਨੀਕੀਆਂ 4:13–17 ਤੋਂ ਲਿਆ ਗਿਆ ਹੈ ਅਤੇ ਇਸ ਦੀ ਵਰਤੋਂ ਮੱਤੀ 24:40, 41 ਵਿਚ ਇਸ ਨਾਲ ਸਬੰਧਿਤ ਵੇਰਵੇ ਤੋਂ ਕੀਤੀ ਗਈ ਹੈ। ਇਹ ਵਿਚਾਰ ਬਚਾਏ ਹੋਇਆਂ ਦੇ ਕਸ਼ਟ ਦੇ ਸਤ ਸਾਲ ਪਹਿਲਾਂ ਪ੍ਰਭੂ ਦੇ ਉੱਪਰ ਉਠਾਏ ਜਾਣ ਦੀ ਉਮੀਦ ਕਰਦਾ ਹੈ। ਪਰ ਨਵਾਂ ਨੇਮ ਇਹ ਨਹੀਂ ਦੱਸਦਾ ਕਿ ਖ਼ੁਦਾ ਦਾ ਇਰਾਦਾ ਸਿਰਫ਼ ਧਰਮੀਆਂ ਨੂੰ ਉਠਾਉਣ ਦਾ ਹੈ (ਵੇਖੋ 1 ਕੁਰਿੰਥੀਆਂ 15:50–54; 1 ਥੱਸਲੁਨੀਕੀਆਂ 4:13–17)। ਅਸਲ 'ਚ ਯਿਸੂ ਨੇ ਐਲਾਨ ਕੀਤਾ ਕਿ ਦੁਸ਼ਟਾਂ ਨੂੰ ਵੀ ਉਸੇ ਸਮੇਂ ਜਾਂ ਉਸ ਦਿਨ ਧਰਮੀਆਂ ਵਾਂਗ ਹੀ ਉਡਾ ਲਿਆ ਜਾਵੇਗਾ ਕਿ ਉਹ ਨਿਆਂ ਦਾ ਸਾਹਮਣਾ ਕਰਨ (ਯੂਹੰਨਾ 5:25–29)।

## “ਤਿਆਰ ਰਹੋ” (24:42-51)

**42ਸੋ ਜਾਗਦੇ ਰਹੋ ਕਿਉਂ ਜੋ ਤੁਸੀਂ ਨਹੀਂ ਜਾਣਦੇ ਜੋ ਤੁਹਾਡਾ ਪ੍ਰਭੂ ਕਿਹੜੇ ਦਿਨ ਆਉਂਦਾ ਹੈ।**
**43ਪਰ ਇਹ ਜਾਣੋ ਕਿ ਜੇ ਘਰ ਦੇ ਮਾਲਕ ਨੂੰ ਖ਼ਬਰ ਹੁੰਦੀ ਭਈ ਚੋਰ ਕਿਸ ਪਹਿਰ ਆਵੇਗਾ ਤਾਂ ਜਾਗਦਾ**
**ਰਹਿੰਦਾ ਅਤੇ ਆਪਣੇ ਘਰ ਸੰਨ੍ਹ ਲੱਗਣ ਨਾ ਦਿੰਦਾ। 44ਇਸ ਲਈ ਤੁਸੀਂ ਵੀ ਤਿਆਰ ਰਹੋ ਕਿਉਂ ਜੋ**
**ਜਿਸ ਘੜੀ ਤੁਹਾਨੂੰ ਚਿੱਤ ਚੇਤਾ ਨਾ ਹੋਵੇ ਉਸੇ ਘੜੀ ਮਨੁੱਖ ਦਾ ਪੁੱਤਰ ਆ ਜਾਵੇਗਾ। 45ਉਪਰੰਤ ਉਹ**
**ਮਾਤਬਰ ਅਤੇ ਬੁੱਧਵਾਨ ਨੌਕਰ ਕੌਣ ਹੈ ਜਿਹ ਨੂੰ ਮਾਲਕ ਨੇ ਆਪਣੇ ਨੌਕਰਾਂ ਚਾਕਰਾਂ ਉੱਤੇ ਮੁਖ਼ਤਿਆਰ**
**ਕੀਤਾ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ? 46ਧੰਨ ਉਹ ਨੌਕਰ ਜਿਹ ਨੂੰ ਉਸ ਦਾ ਮਾਲਕ ਜਦ ਆਵੇ**
**ਅਜਿਹਾ ਹੀ ਕਰਦਿਆਂ ਵੇਖੇ। 47ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਉਹ ਉਸ ਨੂੰ ਆਪਣੇ ਸਾਰੇ ਮਾਲ**
**ਮਤਾ ਉੱਤੇ ਮੁਖ਼ਤਿਆਰ ਕਰ ਦੇਵੇਗਾ। 48ਪਰ ਜੇ ਉਹ ਦੁਸ਼ਟ ਨੌਕਰ ਆਪਣੇ ਮਨ ਵਿਚ ਆਖੇ ਜੋ ਮੇਰਾ**
**ਮਾਲਕ ਚਿਰ ਲਾਉਂਦਾ ਹੈ। 49ਅਤੇ ਆਪਣੇ ਨਾਲ ਦੇ ਨੌਕਰਾਂ ਨੂੰ ਮਾਰਨ ਲੱਗੇ ਅਤੇ ਸ਼ਰਾਬੀਆਂ ਨਾਲ**
**ਖਾਏ ਪੀਏ। 50ਤਾਂ ਜਿਸ ਦਿਨ ਉਹ ਉਡੀਕ ਨਹੀਂ ਕਰਦਾ ਅਤੇ ਜਿਸ ਘੜੀ ਉਹ ਨਹੀਂ ਜਾਣਦਾ ਉਸ**
**ਨੌਕਰ ਦਾ ਮਾਲਕ ਆਵੇਗਾ। 51ਅਤੇ ਉਹ ਨੂੰ ਦੋ ਟੋਟੇ ਕਰ ਦੇਵੇਗਾ ਅਰ ਕਪਟੀਆਂ ਨਾਲ ਉਹ ਦਾ**
**ਹਿੱਸਾ ਠਹਿਰਾਵੇਗਾ ! ਉੱਥੇ ਰੋਣਾ ਅਤੇ ਕਚੀਚੀਆਂ ਵੱਟਣਾਂ ਹੋਵੇਗਾ।**

**ਆਇਤ 42.** ਧਰਤੀ ਉੱਤੇ ਕਿਸੇ ਨੂੰ ਨਹੀਂ ਪਤਾ ਕਿ ਯਿਸੂ ਦੋਬਾਰਾ ਕਦੋਂ **ਆਉਂਦਾ ਹੈ। ਇਸ ਕਰਕੇ ਪ੍ਰਭੂ** ਨੇ ਆਪਣੇ ਚੇਲਿਆਂ ਨੂੰ ਜਾਗਦੇ ਰਹਿਣ ਲਈ ਕਿਹਾ। ਜੈਤੂਨ ਦੇ ਸੰਦੇਸ਼ ਵਿਚ ਆਪਣੀ ਵਾਪਸੀ ਲਈ ਤਿਆਰ ਰਹਿਣ ਦੀਆਂ ਆਪਣੇ ਚੇਲਿਆਂ ਨੂੰ ਉਸ ਦੀਆਂ ਬਾਰ ਬਾਰ ਦੱਸੀਆਂ ਗਈਆਂ ਨਸੀਹਤਾਂ ਹਨ (24:42, 44, 50; 25:13)। ਯੂਨਾਨੀ ਸ਼ਬਦ *gregoreo* ਜਿਸਦਾ ਅਨੁਵਾਦ ‘‘ਜਾਗਦੇ ਰਹੋ’’ ਹੋਇਆ ਹੈ। ਦਾ ਅਨੁਵਾਦ ‘‘ਚੌਕਸ ਰਹੋ’’ ਜਾਂ ‘‘ਹੁਸ਼ਿਆਰ ਰਹੋ’’ ਵੀ ਹੋ ਸਕਦਾ ਹੈ। ਇਹ ਸ਼ਬਦ ਗਥਸਮਨੀ ਦੇ ਦ੍ਰਿਸ਼ ਵਿਚ ਮਿਲਦਾ ਹੈ ਜਿੱਥੇ ਯਿਸੂ ਨੇ ਆਪਣੇ ਸੌਂ ਰਹੇ ਚੇਲਿਆਂ ਨੂੰ ਜਾਗਦੇ ਰਹਿ ਕੇ ਦੁਆ ਕਰਨ ਲਈ ਆਖਿਆ (26:38, 40, 41)।

**ਆਇਤ 43.** ਆਪਣੀ ਦੂਜੀ ਆਮਦ ਦੇ ਸਬੰਧ ਵਿਚ ਜਾਗਦੇ ਰਹਿਣ ਦੀ ਅਹਿਮੀਅਤ ਤੇ ਯਿਸੂ ਨੇ ਇਕ ਉਦਾਹਰਣ ਦਿੱਤੀ: ‘‘**ਪਰ ਇਹ ਜਾਣੋ ਕਿ ਜੇ ਘਰ ਦੇ ਮਾਲਕ ਨੂੰ ਖ਼ਬਰ ਹੁੰਦੀ ਭਈ ਚੋਰ ਕਿਸ ਪਹਿਰ ਆਵੇਗਾ ਤਾਂ ਜਾਗਦਾ ਰਹਿੰਦਾ ਅਤੇ ਆਪਣੇ ਘਰ ਸੰਨ੍ਹ ਲੱਗਣ ਨਾ ਦਿੰਦਾ।**’’ ਯੂਨਾਨੀ ਸ਼ਬਦ (*oikodespeotes*) ਜਿਸ ਦਾ ਅਨੁਵਾਦ ਇੱਥੇ ‘‘ਘਰ ਦੇ ਮਾਲਿਕ’’ ਹੋਇਆ ਹੈ, ਮੱਤੀ ਇੰਜੀਲ ਵਿਚ ਖ਼ਾਸ ਕਰਕੇ ਦ੍ਰਿਸ਼ਟਾਂਤਾਂ ਵਿਚ ਬਾਰ ਬਾਰ ਮਿਲਦਾ ਹੈ (10:25; 13:27; 20:1, 11; 21:33)। ਇਹ ਆਦਮੀ ਘਰ ਦਾ ਇੰਚਾਰਜ ਸੀ। ਜਿਸ ਵਿਚ ਉਸ ਦੀ ਪਤਨੀ, ਬੱਚੇ ਅਤੇ ਨੌਕਰ ਸ਼ਾਮਿਲ ਸਨ। ਜੇ ਉਸ ਨੂੰ ਪਤਾ ਹੁੰਦਾ ਕਿ ਚੋਰ ਕਦੋ ਆਉਣ ਵਾਲਾ ਹੈ ਤਾਂ ਉਹ ਤਿਆਰ ਰਹਿੰਦਾ। ਉਹ ਜਾਗਦਾ ਰਹਿ ਸਕਦਾ ਸੀ, ਨੌਕਰਾਂ ਨੂੰ ਪਹਿਰੇ ਤੇ ਬਿਠਾ ਸਕਦਾ ਸੀ ਜਾਂ ਆਪਣੇ ਗੁਆਂਢੀਆਂ ਦੀ ਮਦਦ ਲੈ ਸਕਦਾ ਸੀ। ‘‘ਕਿਸ ਪਹਿਰ’’ ਮੂਲ ਵਿਚ ‘‘[ਰਾਤ ਦੀ] ਕਿਸ ਘੜੀ ਵਿਚ’’ ਹੈ। ਘੜੀਆਂ ਦੇ ਯਹੂਦੀ ਸਿਸਟਮ ਦੇ ਮੁਤਾਬਿਕ ਰਾਤ ਵਿਚ ਤਿੰਨ ਘੜੀਆਂ ਹੁੰਦਾ ਸਨ, ਜਦਕਿ ਰੋਮੀ ਸਿਸਟਮ ਵਿਚ ਚਾਰ ਘੜੀਆਂ ਹੁੰਦੀਆਂ ਸਨ (14:25 ਤੇ ਟਿੱਪਣੀਆਂ ਵੇਖੋ)। ‘‘ਸੰਨ੍ਹ’’ ਲੱਗਣ ਲਈ ਯੂਨਾਨੀ ਸ਼ਬਦ (*diorusso*) ਤੋਂ ਭਾਵ ‘‘ਵਿਚ ਪੁੱਟਣਾ’’ ਇਹ ਘਰ ਵਿਚ ਵੜਨ ਲਈ ਗਾਰੇ ਦੀਆਂ ਈਟਾਂ ਵਾਲੀ ਕੰਧ ਵਿੱਚੋਂ ਪੁੱਟਣ ਨੂੰ ਵਿਖਾਉਂਦਾ ਹੈ (6:19, 20 ਤੇ ਟਿੱਪਣੀਆਂ ਵੇਖੋ)। ਨਵੇਂ ਨੇਮ ਵਿਚ ਬਾਅਦ ਵਿਚ ਉਸ ਦੀ ਦੂਜੀ ਆਮਦ ਦੀ ਤੁਲਨਾ ਰਾਤ ਨੂੰ ਚੋਰ ਨਾਲ ਕੀਤੀ ਗਈ ਹੈ (1 ਥੱਸਲੁਨੀਕੀਆਂ 5:2, 4; 2 ਪਤਰਸ 3:10; ਪ੍ਰਕਾਸ਼ ਦੀ ਪੋਥੀ 3:3; 16:15)।

**ਆਇਤ 44.** ਯਿਸੂ ਨੇ ਇਸ ਉਦਾਹਰਣ ਦੀ ਵਰਤੋਂ ਇਹ ਸਮਝਾਉਣ ਲਈ ਕੀਤੀ ਕਿ ਉਸਦੀ ਵਾਪਸੀ ਦੀ ਕੋਈ ਅਗਾਊਂ ਚਿਤਾਵਨੀ ਨਹੀਂ ਹੋਵੇਗੀ। ਸਭ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਯਿਸੂ ਆ ਰਿਹਾ ਹੈ, ਪਰ ਇਸ ਦੂਜੀ ਆਮਦ ਨਾਲ ਜੁੜੀਆਂ ਘਟਨਾਵਾਂ ਐਨੀਆਂ ਅਚਾਨਕ ਹੋਣਗੀਆਂ ਕਿ ਕਿਸੇ ਲਈ ਵੀ ਆਪਣੀ ਰੂਹਾਨੀ ਹਾਲਤ ਨੂੰ ਬਦਲਣ ਦਾ ਮੌਕਾ ਨਹੀਂ ਹੋਵੇਗਾ। ਉਸ ਸਮੇਂ ਜਾਂ **ਉਸੇ ਘੜੀ** ਜਦ ਉਸਦੇ ਆਉਣ ਦੀ ਉਮੀਦ ਨਾ ਹੋਵੇਗੀ, ਉਹ ਆ ਜਾਵੇਗਾ।

**ਆਇਤਾਂ 45-47.** ਫੇਰ ਯਿਸੂ ਨੇ ਪੁੱਛਿਆ, **''ਉਪਰੰਤ ਉਹ ਮਾਤਬਰ ਅਤੇ ਬੁੱਧਵਾਨ ਨੌਕਰ ਕੌਣ ਹੈ ਜਿਹ ਨੂੰ ਮਾਲਕ ਨੇ ਆਪਣੇ ਨੌਕਰਾਂ ਚਾਕਰਾਂ ਉੱਤੇ ਮੁਖ਼ਤਿਆਰ ਕੀਤਾ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?''** ਉਸ ਨੇ ਧਿਆਨ ਘਰ ਦੇ ਮਾਲਕ (*kurios*) ਤੋਂ ਹਟਾ ਕੇ ਉਸ ਚਾਕਰ ਵੱਲ ਕਰ ਦਿੱਤਾ ਜਿਸ ਨੂੰ ਦੂਜਿਆਂ ਨੂੰ ਖਾਣਾ ਖੁਆਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਸ ਨੇ ਆਪਣੀ ਜ਼ਿੰਮੇਵਾਰੀਆਂ ਪ੍ਰਤੀ ਕਿਸੇ ਚਾਕਰ ਦੇ ਵੱਖੋ ਵੱਖ ਵਿਹਾਰ ਦੱਸੇ। ਪਹਿਲਾ ਉਸ ਨੇ ''ਮਾਤਬਰ ਅਤੇ ਬੁੱਧਵਾਨ'' ਚਾਕਰ ਦੀ ਗੱਲ ਕੀਤੀ ਜਿਸ ਨੇ ਆਪਣੇ ਮੁੱਖਤਿਆਰ ਹੋਣ ਬਾਰੇ ਚੌਕਸ ਹੋਣਾ ਸੀ। । ਯਿਸੂ ਨੇ ਇਸ ਚਾਕਰ ਨੂੰ ਜਿਸਨੇ ਆਪਣੈ ਮਾਲਕ ਦੀ ਵਾਪਸੀ ਲਈ ਤਿਆਰ ਹੋਣਾ ਸੀ, ਮੁਬਾਰਕ ਆਖਿਆ। ਉਹ ਆਪਣੀਆਂ ਜ਼ਿੰਮੇਵਾਰੀਆਂ ਵਿਚ ਮਾਤਬਰ ਸੀ ਜਿਸ ਕਰਕੇ ਮਾਲਕ ਨੇ ਉਸ ਨੂੰ **ਆਪਣੇ ਸਾਰੇ ਮਾਲ ਮਤਾ ਉੱਤੇ ਮੁਖ਼ਤਿਆਰ ਕਰ** ਦੇਣਾ ਸੀ। ਵਾਧੂ ਜ਼ਿੰਮੇਵਾਰੀਆਂ ਦੇਣਾ ਵਿਸ਼ਾ ਤੋੜਿਆਂ ਦੇ ਦ੍ਰਿਸ਼ਟਾਂਤ ਫੇਰ ਮਿਲਦਾ ਹੈ (25:21, 23)।

**ਆਇਤਾਂ 48-51.** ਫਿਰ ਯਿਸੂ ਨੇ ਕਿਹਾ, **''ਪਰ ਜੇ ਉਹ ਦੁਸ਼ਟ ਨੌਕਰ . . . ਆਖੇ ਜੋ ਮੇਰਾ ਮਾਲਕ ਚਿਰ ਲਾਉਂਦਾ ਹੈ''** ਅਤੇ ਆਪਣੇ ਨਾਲ ਦੇ ਚਾਕਰਾਂ ਨੂੰ ਮਾਰੇ ਕੁੱਟੇ ਤਾਂ **ਮਾਲਕ** ਉਸ ਘੜੀ **ਆਵੇਗਾ** ਜਦ ਉਸ ਨੂੰ ਉਮੀਦ ਨਾ ਹੋਵੇਗੀ। ਇਹ ਵੱਖੋ ਵੱਖ ਹਾਲਾਤ ਵਿਚ ਇੱਕੋ ਹੀ ਚਾਕਰ ਦੀ ਗੱਲ ਹੋ ਸਕਦੀ ਹੈ। ਇਹ ਵੇਖ ਕੇ ਕਿ ਉਸਦੇ ਮਾਲਕ ਦੇ ਵਾਪਸ ਆਉਣ ਵਿਚ ਅਜੇ ਦੇਰੀ ਹੈ, ਇਹ ਚਾਕਰ ਆਪਣੇ ਨਾਲ ਦਿਆਂ ਚਾਕਰਾਂ ਨੂੰ ਕੁੱਟਣ ਲੱਗਾ, ਜਿਨ੍ਹਾਂ ਦੀ ਜ਼ਿੰਮੇਵਾਰੀ ਉਸ ਨੂੰ ਦਿੱਤੀ ਗਈ ਸੀ! ਇਹ ਯਕੀਨੀ ਬਣਾਉਣ ਦੀ ਥਾਂ ਕਿ ਉਨ੍ਹਾਂ ਨੂੰ ਖਾਣਾ ਸਮੇਂ ਤੇ ਮਿਲ ਸਕੇ, ਉਹ **ਸ਼ਰਾਬੀਆਂ ਨਾਲ** ਖਾਣ ਪੀਣ ਲੱਗਾ।

ਜਦ ਮਾਲਕ ਨੇ ਅਚਾਨਕ ਆ ਕੇ ਇਸ ਚਾਕਰ ਦੇ ਘਿਣਾਉਣੇ ਵਿਹਾਰ ਨੂੰ ਵੇਖਿਆ ਤਾਂ ਉਸ ਨੇ **ਉਹ ਨੂੰ ਦੋ ਟੋਟੇ ਕਰ** ਦੇਣਾ ਸੀ ਅਤੇ **ਕਪਟੀਆਂ ਨਾਲ ਉਹਦਾ ਹਿੱਸਾ** ਠਹਿਰਾਉਣਾ ਸੀ ਜਿੱਥੇ **ਰੋਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ।** ਕੀਨਰ ਦੇ ਅਨੁਸਾਰ ਰਾਜੇ, ਪਤੀ ਜਾਂ ਮਾਲਕ ਦੇ ਦੂਰ ਦੇਸ਼ ਵਿਚ ਜਾਣ ਦਾ ਰੂਪਕ ਪੁਰਾਣੇ ਜ਼ਮਾਨੇ ਦੇ ਦ੍ਰਿਸ਼ਟਾਂਤਾਂ ਵਿਚ ਆਮ ਵਰਤਿਆ ਜਾਂਦਾ ਸੀ। ਕਈ ਵਾਰ ਇਹ ਲੋਕ ਆਪਣੀਆਂ ਪਤਨੀਆਂ ਅਤੇ ਨੌਕਰਾਂ ਦੀ ਵਫ਼ਾਦਾਰੀ ਨੂੰ ਪਰਖਣ ਲਈ ਸਮੇਂ ਤੋਂ ਪਹਿਲਾਂ ਅਤੇ ਬਿਨਾਂ ਦੱਸੇ ਆ ਜਾਂਦੇ ਸਨ।[4] ਘਰ ਦੇ ਲੋਕਾਂ ਨੂੰ ਆਪਣੇ ਮਾਲਕ ਨਾਲ ਬੇਵਫ਼ਾਈ ਕਰਨਤੇ ਸਖ਼ਤ ਸਜ਼ਾ ਦਿੱਤੀ ਜਾਂਦੀ। ''ਦੋ ਟੋਟੇ ਕਰ'' ਦੇਣਾ (NKJV)। ਪੁਰਾਣੇ ਜ਼ਮਾਨੇ ਵਿਚ ਮੌਤ ਦੀ ਸਜ਼ਾ ਦੇਣ ਦਾ ਆਮ ਢੰਗ ਸੀ (1 ਸਮੂਏਲ 15:33; 2 ਸਮੂਏਲ 12:31; ਦਾਨੀਏਲ 2:5; 3:29; ਇਬਰਾਨੀਆਂ 11:37)।[5] ਆਇਤ 51 ਦਾ ਆਖ਼ਰੀ ਵਾਕਅੰਸ਼, **''ਰੋਣਾ ਅਤੇ ਕਚੀਚੀਆਂ ਵੱਟਣਾਂ''** ਮੱਤੀ ਵਿਚ ਪੰਥ ਥਾਂ (8:12; 13:42, 50; 22:13; 25:30) ਅਤੇ ਲੂਕਾ ਵਿਚ ਇਕ ਵਾਰ ਮਿਲਦਾ ਹੈ (ਲੂਕਾ 13:28)।

ਇਹ ਕਹਾਣੀ ਕਿਆਮਤ ਦੀ ਹੈ। ਜੇ ਕੋਈ ਆਪਣੇ ਮਸੀਹੀ ਭੰਡਾਰੀਪਣ ਜਾਂ ਮੁਖ਼ਤਿਆਰਪੁਣੇ ਵਿਚ ਮਾਤਬਰ ਭਾਵ ਵਿਸ਼ਵਾਸਯੋਗ ਹੈ ਤਾਂ ਉਸ ਨੂੰ ਇਨਾਮ ਦਿੱਤਾ ਤਾ ਜਾਵੇਗਾ। ਜੇ ਕੋਈ ਉਸ ਭੰਡਾਰੀਪਣ ਵਿਚ ਜਿਹੜਾ ਉਸ ਨੂੰ ਦਿੱਤਾ ਗਿਆ ਹੈ ਦੇ ਬੇਈਮਾਨ ਹੈ ਤਾਂ ਉਸ ਨੂੰ ਉੱਥੇ ਸਜ਼ਾ ਮਿਲੇਗੀ ਜਿੱਕੇ ਰੋਣਾ ਅਤੇ ਕਚੀਚੀਆਂ ਵੱਟਣਾਂ ਹੋਵੇਗਾ। ਮਾਤਬਰ ਨੂੰ ਮੁਖ਼ਤਿਆਰਪੁਣੇ ਵਿਚ ਪ੍ਰਭੂ ਦੀ ਵਾਪਸੀ ਲਈ ਜਾਗਦੇ

ਰਹਿਣਾ ਅਤੇ ਦੁਆ ਕਰਦੇ ਰਹਿਣਾ ਸ਼ਾਮਿਲ ਹੈ।

~~~ **ਸਬਕ** ~~~

## ਦੂਜੀ ਆਮਦ (24:29-31, 36-51)

ਯਿਸੂ ਫੇਰ ਆ ਰਿਹਾ ਹੈ! ਇਹ ਗੱਲ ਅਸੀਂ ਪੱਕ ਜਾਣ ਕਸਦੇ ਹਾਂ। ਇਸ ਤੋਂ ਛੁਟ ਅਸੀਂ ਜਾਣਦੇ ਹਾਂ ਕਿ ਉਸਦਾ ਦੂਜੀ ਵਾਰ ਆਉਣਾ ਉਸ ਦੇ ਪਹਿਲੇ ਵਾਰ ਆਉਣ ਵਾਲੋਂ ਨਾਟਕੀ ਢੰਗ ਨਾਲ ਫ਼ਰਕ ਹੋਵੇਗਾ। ਜੋ ਅਸੀਂ ਨਹੀਂ ਜਾਣਦੇ ਉਹ ਉਸ ਦੀ ਵਾਪਸੀ ਦੇ ਸਮਾਂ ਹੈ।

1. *ਯਿਸੂ ਨੇ ਵਾਅਦਾ ਕੀਤਾ ਕਿ ਉਹ ਸ਼ਕਤੀ ਅਤੇ ਤੇਜ ਨਾਲ ਆਵੇਗਾ* (24:29–31)। ਉਹ ਅਕਾਸ਼ ਦੇ ਬੱਦਲਾਂ ਤੇ ਆਵੇਗਾ ਵੱਡੀ ਤੁਰ੍ਹੀ ਦੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਤੇ ਆਪਣੇ ਚੁਣੇ ਹੋਇਆਂ ਨੂੰ ਇਕੱਠਾ ਕਰੇਗਾ।

2. *ਉਸਨੇ ਵਾਅਦਾ ਕੀਤਾ ਕਿ ਉਸਦੇ ਵਾਪਸ ਆਉਣ ਤੇ ਕੋਈ ਨਿਸ਼ਾਨ ਨਹੀਂ ਹੋਵੇਗਾ* (24:36–41)। ਉਸ ਦਿਨ ਜਾਂ ਘੜੀ ਨੂੰ ਜਦੋਂ ਪ੍ਰਭੂ ਦੋਬਾਰਾ ਆਵੇਗਾ, ਕੋਈ ਨਹੀਂ ਜਾਣਦਾ। ਉਸ ਨੇ ਕਿਹਾ ਕਿ ਉਸ ਦਾ ਆਉਣਾ ਨੂਹ ਦੇ ਸਮੇਂ ਦੀ ਪਰਲੋ ਦੇ ਆਉਣ ਵਾਂਗ ਅਚਾਨਕ ਹੋਵੇਗਾ।

3. *ਉਸਨੇ ਵਾਅਦਾ ਕੀਤਾ ਕਿ ਉਸਦਾ ਆਉਣਾ ਬਿਨਾਂ ਦੱਸੇ ਅਤੇ ਅਚਾਨਕ ਹੋਵੇਗਾ* (24:42–44)। ਉਸ ਦਾ ਆਉਣਾ ਰਾਤ ਨੂੰ ਚੋਰ ਦੇ ਆਉਣ ਵਾਂਗ ਹੋਵੇਗਾ। ਸਾਡੇ ਲਈ ਤਿਆਰ ਰਹਿਣਾ ਜ਼ਰੂਰੀ ਹੈ ਕਿਉਂ ਜੋ ਉਸ ਦਾ ਵਾਪਸ ਆਉਣਾ ਉਦੋਂ ਹੋਵੇਗਾ ਜਦੋਂ ਸਾਡੇ ਚਿਤ ਚੇਤੇ ਵੀ ਨਾ ਹੋਵੇ ਕਿ ਉਹ ਆਵੇਗਾ।

*ਸਾਰ।* ਯਿਸੂ ਆਪਣੇ ਲੋਕਾਂ ਨੂੰ ਉਸਦੀ ਵਾਪਸੀ ਲਈ ਤਿਆਰ ਰਹਿਣ ਨੂੰ ਆਖਦਾ ਹੈ। ਮੱਤੀ 24 ਅਧਿਆਇ ਦੋ ਵੱਖੋ ਵੱਖ ਚਾਕਰਾਂ ਦੇ ਦ੍ਰਿਸ਼ਟਾਂਤ ਨਾਲ ਖ਼ਤਮ ਹੁੰਦਾ ਹੈ (24:45–51)। ਇਕ ਚਾਕਰ ਬੜੇ ਧਿਆਨ ਨਾਲ ਆਪਣੇ ਫ਼ਰਜ਼ ਨੂੰ ਪੂਰਾ ਕਰਦਿਆਂ ''ਮਾਤਬਰ ਅਤੇ ਬੁੱਧਵਾਨ'' ਸੀ। ਦੂਜਾ ਚਾਕਰ ਨਾਲ ਦੇ ਚਾਕਰਾਂ ਨੂੰ ਮਾਰਦਾ ਕੁੱਟਦਾ ਅਤੇ ਆਪਣੇ ਮਾਲਕ ਦਾ ਪੈਸਾ ਉਜਾੜਦਾ ਹੋਇਆ ''ਦੁਸ਼ਟ'' ਸੀ। ਆਪਣੀ ਵਾਪਸੀ ਤੇ ਮਾਲਕ ਨੇ ਮਾਤਬਰ ਚਾਕਰ ਨੂੰ ਹੋਰ ਵੀ ਜ਼ਿੰਮੇਵਾਰੀਆਂ ਦੇ ਕੇ ਉਸਦਾ ਰੁਤਬਾ ਉੱਚਾ ਕਰ ਦਿੱਤਾ, ਪਰ ਦੁਸ਼ਟ ਚਾਕਰ ਨੂੰ ਵੱਢ ਸੁੱਟਿਆ ਗਿਆ। ਭਲਾ ਤੁਸੀਂ ਮਾਤਬਰ ਚਾਕਰ ਹੋ ਜਿਹੜਾ ਪ੍ਰਭੂ ਦੀ ਵਾਪਸੀ ਦੀ ਰਾਹ ਤੱਕ ਰਿਹਾ ਹੈ? ਭਲਾ ਤਸੀਂ ਯਿਸੂ ਦੇ ਦੋਬਾਰਾ ਆਉਣ ਤੋਂ ਪਹਿਲਾਂ ਉਹਦੇ ਕੋਲ ਆਓਗੇ।

## ਯਿਸੂ ਵਾਪਸ ਆ ਰਿਹਾ ਹੈ ! (24:29-31, 36-51)

''ਹਰਮੱਗਿਦੋਨ ਦੀ ਲੜਾਈ''! ''ਰੈਪਚਰ ''! ''ਧਰਤੀ ਉੱਤੇ ਮਸੀਹ ਦਾ ਹਜ਼ਾਰ ਸਾਲ ਰਾਜ''! ਅੰਤ ਦੇ ਸਮੇਂ ਦੀ ਗੱਲ ਸੁਣਦਿਆਂ ਲੋਕਾਂ ਨੇ ਇਹ ਗੱਲਾਂ ਸੁਣੀਆਂ ਹਨ।

*ਹਰਮੱਗਿਦੋਨ ਦੀ ਲੜਾਈ।* ਪ੍ਰਕਾਸ਼ ਦੀ ਪੋਥੀ ਵਿਚ ਵਿਖਾਈ ਗਈ ਲੜਾਈ ਰੂਹਾਨੀ ਹੈ ਨਾ ਕਿ ਜਿਸਮਾਨੀ। ਮਸੀਹ ਦੇ ਵੈਰੀਆਂ ਦਾ ਉਸ ਉੱਤੇ ਕੁਝ ਵੀ ਵੱਸ ਨਹੀਂ ਹੈ। ਉਹ ਮਸੀਹ ਦੇ ਅਤੇ ਉਸ ਦੇ ਤਾਕਤਵਰ ਫ਼ਰਿਸ਼ਤਿਆਂ ਉੱਤੇ ਕਾਬੂ ਨਹੀਂ ਪਾ ਸਕਦੇ (ਵੇਖੋ ਪ੍ਰਕਾਸ਼ ਦੀ ਪੋਥੀ 19)। ''ਹਰਮੱਗਿਦੋਨ'' ਸ਼ਬਦ ''ਵਾਟਰਲੂ'' ਅਤੇ ''ਪਰਲ ਹਾਰਬਰ'' ਨਾਵਾਂ ਵਾਂਗ ਹੀ ਸਿਰਫ਼ ਕਿਸੇ ਥਾਂ ਨੂੰ ਵਿਖਾਉਂਦਾ ਹੈ। ''ਹਰਮੱਗਿਦੋਨ'' ਦਾ ਸਬੰਧ ਬੁਰਿਆਈ ਦੇ ਆਖਰੀ ਅਖੀਰ ਵਿਚ ਸੁੱਟੇ ਜਾਣ ਨਾਲ ਹੈ। ਪਰ ਪ੍ਰਕਾਸ਼ ਦੀ ਪੋਥੀ ਵਿਚ ਇਹ ਪਹਿਲੀ ਕਲੀਸੀਆ ਦੀ ਸ਼ਕਤੀ ਦੇ ਵੱਡੇ ਸਤਾਉਣ ਵਾਲੇ, ਰੋਮੀ ਹਕੂਮਤ ਦੇ ਕੱਢੇ ਜਾਣ ਨੂੰ ਵਿਖਾਉਂਦਾ ਹੈ।
~~~

*ਰੈਪਚਰ।* ਜਿੱਥੋਂ ਤਕ ਕਲੀਸੀਆ ਦੇ ਰੈਪਚਰ ਦੀ ਗੱਲ ਹੈ, ਬਾਈਬਲ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਦੀ ਸਿੱਖਿਆ ਪ੍ਰਿਮਿਲੇਨਿਅਲਿਸਟ ਭਾਵ ਹਜ਼ਾਰ ਸਾਲਾ ਰਾਜ ਦੀ ਸਿੱਖਿਆ ਦੇਣ ਵਾਲੇ ਲੋਕ ਦੱਸਦੇ ਹਨ। 1 ਥੱਸਲੁਨੀਕੀਆਂ 4: 14–16 ਵਿਚ ਪੌਲੁਸ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ, ਜਿਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਦੇ ਮਰ ਚੁੱਕੇ ਅਜ਼ੀਜ਼ ਪ੍ਰਭੂ ਦੀ ਵਾਪਸੀ ਤੇ ਉਸ ਨੂੰ ਮਿਲ ਨਹੀਂ ਸਕਣਗੇ, ਹੌਸਲਾ–ਅਫ਼ਜਾਈ ਕਰ ਰਿਹਾ ਸੀ। ਇਨ੍ਹਾਂ ਰੂਹਾਂ ਨੂੰ ਭੁਲਾਇਆ ਨਹੀਂ ਜਾਣਾ ਸੀ, ਬਲਕਿ ਉਨ੍ਹਾਂ ਨੂੰ ਹਵਾ ਵਿਚ ਹੀ ਪ੍ਰਭੂ ਦੇ ਨਾਲ ਮਿਲਣ ਲਈ ਅਵਿਨਸ਼ੀ ਦੇਹਾਂ ਨਾਲ ਜਿਲਾਇਆ ਜਾਣਾ ਸੀ।

*ਹਜ਼ਾਰ ਸਾਲਾ ਰਾਜ।* ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲਾਂ ਰਾਜ ਦੀ ਗੱਲ ਕੀਤੀ ਹੈ? ਪ੍ਰਕਾਸ਼ ਦੀ ਪੋਥੀ 20: 4–6 ਵਿੱਚੋਂ ਇਸ ਆਇਤ ਨੂੰ ਵੇਖੋ ਕਿ ਐਸੀ ਕੋਈ ਗੱਲ ਨਹੀਂ ਹੈ। ਇਸ ਵਿਚ ਮਸੀਹ ਦੇ ਯਰੂਸ਼ਲਮ ਤੋਂ, ਦਾਊਦੀ ਗੱਦੀ ਤੇ ਧਰਤੀ ਉੱਤੇ ਰਾਜ ਕਰਨ ਦੀ ਕੋਈ ਗੱਲ ਨਹੀਂ ਹੈ: ਨਾ ਹੀ ਇਹ, ਇਹ ਦੱਸਦੀ ਹੈ ਕਿ ਉਸਦਾ ਰਾਜ ਕਦੋਂ ਸ਼ੁਰੂ ਜਾਂ ਖ਼ਤਮ ਹੋਵੇਗਾ। ਇਹ ਉਨ੍ਹਾਂ ਸ਼ਹੀਦਾਂ ਦੇ ਰਾਜ ਦੀ ਗੱਲ ਕਰਦੀ ਹੈ ਜਿਹੜੇ ਕਲੀਸੀਆ ਦੇ ਰੋਮੀ ਸਤਾਅ ਦੌਰਾਨ ਮਾਰੇ ਗਏ ਸਨ: ''ਉਹ ਜੀ ਉੱਠੇ ਅਤੇ ਹਜ਼ਾਰ ਵਰ੍ਹੇ ਮਸੀਹ ਦੇ ਨਾਲ ਰਾਜ ਕਰਦੇ ਰਹੇ'' (ਪ੍ਰਕਾਸ਼ ਦੀ ਪੋਥੀ 20:4)। ਇਹ ਕਿੱਥੇ ਹੋ ਰਿਹਾ ਸੀ? ਸੁਰਗ ਵਿਚ (ਪ੍ਰਕਾਸ਼ ਦੀ ਪੋਥੀ 20: 1)। ਮਸੀਹ ਦੇ ਰਾਜ ਦਾ ਸਮਾਂ ਨਹੀਂ ਦੱਸਿਆ ਗਿਆ ਬਲਕਿ ਵਚਨ ਸਿਰਫ਼ ਇਹ ਦੱਸਦਾ ਹੈ ਕਿ ਸ਼ਹੀਦਾਂ ਨੇ ਉਹਦੇ ਨਾਲ ਐਨੀ ਦੇਰ ਤਕ ਰਾਜ ਕਰਨਾ ਸੀ।

ਸੰਸਾਰ ਦਾ ਅੰਤ ਹੋਣ ਵਾਲਾ ਹੈ, ਪਰ ''ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ ਨਾ ਪੁੱਤਰ ਪਰ ਕੇਵਲ ਪਿਤਾ'' (24: 36)। ਮਸੀਹ ''ਚੋਰ ਵਾਂਗੂ'' ਵਾਪਸ ਆਵੇਗਾ (2 ਪਤਰਸ 3: 10)। ਜਦ ਉਹ ਅਕਾਸ਼ ਦੇ ਬੱਦਲਾਂ ਵਿਚ ਵਾਪਸ ਆਵੇਗਾ (ਉਹ ਇਸ ਧਰਤੀ ਉੱਤੇ ਦੁਬਾਰਾ ਕਦੀ ਕਦਮੀ ਨਹੀਂ ਰੱਖੇਗਾ), ਤਾਂ ਇਹ ਸੰਸਾਰ ਪੂਰੀ ਤਰ੍ਹਾਂ ਨਾਲ ਨਸ਼ਟ ਹੋ ਜਾਵੇਗਾ (2 ਪਤਰਸ 3: 10–12)। ਇਹ ਘਟਨਾਵਾਂ ਇੱਕੋ ਹੀ ਦਿਨ ਵਿਚ ਵਾਪਰਨਗੀਆਂ। ਸਾਡੇ ਲਈ ਜ਼ਰੂਰੀ ਗੱਲ ''ਜਾਗੋ ਅਤੇ ਪ੍ਰਾਰਥਨਾ ਕਰੋ'' (26:41) ਅਤੇ ਪ੍ਰਭੂ ਦੇ ਆਉਣ ਲਈ ਤਿਆਰ ਰਹੋ ਹੈ।

ਬਾਈਬਲ ਹਰਮੱਗਿਦੋਨ ਦੀ ਸਰੀਰਕ ਲੜਾਈ, ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲਾਂ ਰਾਜ ਬਾਰੇ ਕੀ ਕਹਿੰਦੀ ਹੈ। ਜਵਾਬ ਹੈ, *''ਕੁਝ ਨਹੀਂ!''* ਬਾਈਬਲ ਹਰਮੱਗਿਦੋਨ ਦੀ ਗੱਲ ਤਾਂ ਕਰਦੀ ਹੈ ਪਰ ਇਹ ਲੜਾਈ ਹੋਣ ਵਾਲੇ ਨਬੀਆਂ ਵੱਲੋਂ ਕੀਤੀ ਜਾਣ ਵਾਲੀ ਲੜਾਈ ਵਾਂਗ ਨਹੀਂ ਹੈ (ਵੇਖੋ ਪ੍ਰਕਾਸ਼ ਦੀ ਪੋਥੀ 16: 16; 19: 11–21)। ਲੋਕ ਅਕਾਸ਼ ਦੇ ਬੱਦਲਾਂ ਵਿਚ ਪ੍ਰਭੂ ਨੂੰ ਮਿਲਣ ਲਈ ''ਉਠਾ ਲਏ'' ਜਾਣਗੇ, ਪਰ ਇਹ ਕਿਸੇ ''ਵੱਡਾ ਕਸ਼ਟ'' ਤੋਂ ਪਹਿਲਾਂ ਕਲੀਸੀਆ ਦੇ ਰੈਪਚਰ ਦੀ ਗੱਲ ਨਹੀਂ ਕਰਦੀ (ਵੇਖੋ 1 ਥੱਸਲੁਨੀਕੀਆਂ 4: 13–18)। ਮਸੀਹ ਦੇ ਧਰਤੀ ਉੱਤੇ ਹਜ਼ਾਰ ਸਾਲਾ ਰਾਜ ਦਾ ਵਿਚਾਰ ਪ੍ਰਕਾਸ਼ ਦੀ ਪੋਥੀ 20: 4–6 ਦੀ ਗਲਤ ਵਿਆਖਿਆ ਉੱਤੇ ਅਧਾਰਿਤ ਹੈ।

## ਭਲਾ ਪ੍ਰੀਮਿਲੇਨੀਅਲਿਜ਼ਮ ਜਾਂ ਹਜ਼ਾਰ ਸਾਲਾ ਰਾਜ ਦੀ ਗੱਲ ਸਹੀ ਹੈ ? (24:29-31, 36-51)

ਇਹ ਸਿੱਖਿਆ ਕਿ ਯਿਸੂ ਧਰਤੀ ਉੱਤੇ ਵਾਪਸ ਆ ਕੇ ਯਰੂਸ਼ਲਮ ਵਿਚ ਦੁਨਿਆਵੀ ਰਾਜ ਕਾਇਮ ਕਰੇਗਾ, ਕਈ ਕਾਰਣਾਂ ਕਰਕੇ ਬਾਈਬਲ ਦੀ ਸਿੱਖਿਆ ਨੂੰ ਨੁਕਸਾਨ ਪਹੁੰਚਾ ਰਹੀ ਹੈ। ਆਓ ਉਨ੍ਹਾਂ ਕੁਝ ਕਾਰਣਾਂ ਦੀ ਸਮੀਖਿਆ ਕਰਦੇ ਹਾਂ ਕਿ ਇਸ ਧਾਰਣਾ ਨੂੰ ਕਿਉਂ ਨਕਾਰਿਆ ਜਾਣਾ ਚਾਹੀਦਾ ਹੈ।

1. ਇਹ ਇਸ ਗੱਲ ਦਾ ਇਨਕਾਰ ਕਰਦੀ ਹੈ ਕਿ ਮਸੀਹ ਨੇ ਆਪਣੇ ਵਾਅਦੇ ਮੁਤਾਬਿਕ ਆਪਣੇ ਰਾਜ ਨੂੰ ਬਣਾਇਆ। ਹਜ਼ਾਰ ਸਾਲਾ ਰਾਜ ਦੀ ਸਿੱਖਿਆ ਹੈ ਕਿ (1) ਉਹ ਆਪਣੇ ਰਾਜ ਨੂੰ ਕਾਇਮ ਕਰਨ ਦੇ ਆਪਣੇ ਮਕਸਦ ਵਿਚ ਨਾਕਾਮ ਰਿਹਾ। ਅਤੇ (2) ਕਲੀਸੀਆ ਕਾਹਲੀ ਵਿਚ ਬਣਾਇਆ ਗਿਆ ਰਾਜ ਤੋਂ ਘੱਟ ਅਹਿਮੀਅਤ ਵਾਲਾ ਬਦਲ ਸੀ। ਬਾਈਬਲ ਇਸ ਦੇ ਉਲਟ ਦੱਸਦੀ

ਹੈ (ਰਸੂਲਾਂ ਦੇ ਕੰਮ 2:36; 1 ਕੁਰਿੰਥੀਆਂ 15:24–26; ਅਫ਼ਸੀਆਂ 1:20–23; ਕੁਲੁੱਸੀਆਂ 1:13; ਇਬਰਾਨੀਆਂ 12:28; ਪ੍ਰਕਾਸ਼ ਦੀ ਪੋਥੀ 1:9)।

2. ਇਹ ਖ਼ੁਦਾ ਅਤੇ ਮਸੀਹ ਨੂੰ ਝੂਠੀ ਸਿੱਖਿਆ ਦੇਣ ਵਾਲੇ ਬਣਾ ਦਿੰਦੀ ਹੈ (ਦਾਨੀਏਲ 2:44; ਮਰਕੁਸ 9:1; ਰਸੂਲਾਂ ਦੇ ਕੰਮ 1:6–8)।

3. ਇਹ ਉਹੀ ਗਲਤੀ ਕਰਦੀ ਹੈ ਜਿਹੜੀ ਯਿਸੂ ਦੇ ਸਮੇਂ ਦੇ ਯਹੂਦੀਆਂ ਨੇ ਕੀਤੀ ਸੀ। ਉਹ ਦੁਨਿਆਵੀ ਰਾਜ ਦੀ ਆਸ ਲਾਈ ਬੈਠੇ ਸਨ। ਯਿਸੂ ਨੇ ਸਾਫ਼ ਆਖਿਆ, ''ਮੇਰੀ ਬਾਦਸ਼ਾਹੀ ਇਸ ਜਗਤ ਤੋਂ ਨਹੀਂ'' (ਯੂਹੰਨਾ 18:36)।

4. ਇਹ ਸਿੱਖਿਆ ਲੋਕਾਂ ਨੂੰ ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲਾ ਰਾਜ ਦੌਰਾਨ ਖ਼ੁਦਾ ਦੇ ਹੁਕਮ ਮੰਨਣ ਦੇ ਦੂਜੇ ਮੌਕੇ ਦੀ ਝੂਠੀ ਆਸ ਦੁਆਉਂਦੀ ਹੈ।

5. ਇਹ ਸਿੱਖਿਆ ਬਾਈਬਲ ਦੀ ਨਬੂਵਤ ਦੀ ਦੁਰਵਰਤੋਂ ਕਰਦੀ ਹੈ, ਪ੍ਰਤੀਕਾਂ ਦੀ ਵਿਆਖਿਆ ਸ਼ਬਦੀ ਅਰਥਾਂ ਵਿਚ ਕਰਕੇ ਪ੍ਰਕਾਸ਼ ਦੀ ਪੋਥੀ ਕਿਤਾਬ ਨੂੰ ਗਲਤ ਬਣਾਉਂਦੀ ਹੈ ਅਤੇ ਪੂਰੀਆਂ ਹੋ ਚੁੱਕੀਆਂ ਨਬੂਵਤਾਂ ਬਾਰੇ ਲੋਕਾਂ ਦੇ ਮਨਾਂ ਵਿਚ ਸ਼ਕ ਪੈਦਾ ਕਰਦੀ ਹੈ।

---

ਟਿੱਪਣੀਆਂ

[1]''ਨਾ ਪੁੱਤਰ'' ਵਾਕਅੰਸ਼ ਮੱਤੀ ਦੀਆਂ ਕੁਝ ਪ੍ਰਾਚੀਨ ਹੱਥਲਿਖਤਾਂ ਵਿਚ ਮਿਟਿਆ ਹੋਇਆ ਹੈ, ਜਿਸ ਦੀ ਵਧੇਰੇ ਸੰਭਾਵਨਾ ਧਰਮੀ ਸ਼ਾਸਤਰੀ ਦਿੱਕਤ ਦੇ ਕਾਰਣ ਹੈ, ਪਰ ਮਰਕੁਸ 13:32 ਵਿਚ ਇਸ ਉੱਤੇ ਕੋਈ ਝਗੜਾ ਨਹੀਂ ਹੈ (ਬਰੂਸ ਐਮ. ਮੈਜ਼ਗਰ, *ਏ ਟੈਕਸਚੁਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* ਜ਼ਿਲਦ 2ਜੀ। [ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994], 51–52.) [2]ਰੌਬਰਟ ਐਚ. ਗੁੰਡਰੀ, ਮੈਥਿਊ: *ਏ ਕਮੈਂਟਰੀ ਆਨ ਹਿਜ਼ ਲਿਟਰੇਰੀ ਐਂਡ ਥਿਓਲੋਜੀਕਲ ਆਰਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 492. [3]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 615. [4]ਕ੍ਰੇਗ ਐਸ. ਕੀਨਰ *ਕਮੈਂਟਰੀ ਆਨ ਦ ਗੌਸਪਲ ਆਫ਼ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1999), 594–95. [5]ਹੋਮੇਰ ਓਡੀਸੀ 18.339; *ਲਾਇਵੀ* 8.24. 14;ਡਿਯੋਡੋਰਸ ਸਾਇਕੂਲੁਸ16.16.4; 17.83.9; 33.15.1; ਹੇਰੋਦੋਤਸ 2.139; 7.39.